# ਬੱਛੂਆਣਾ ਆਂਗਣਵਾੜੀ ਸੈਂਟਰ ਜ਼ਿਲ੍ਹੇ ਦਾ ਪਹਿਲਾ ਨਮੂਨੇ ਦਾ ਸੈਂਟਰ : ਢਾਕਾ

- **ਡੀਸੀ ਅਮਿਤ ਢਾਕਾ ਨੇ ਕੀਤਾ ਆਂਗਣਵਾੜੀ ਸੈਂਟਰ ਦਾ ਉਦਘਾਟਨ**



ਡੀਸੀ ਅਮਿਤ ਢਾਕਾ ਪਿੰਡ ਬੱਛੋਆਣਾ ਵਿਖੇ ਆਂਗਣਵਾੜੀ ਸੈਂਟਰ ਦਾ ਜਾਇਜ਼ਾ ਲੈਂਦੇ ਹੋਏ।

**ਪੱਤਰ ਪ੍ਰੇਰਕ, ਮਾਨਸਾ** : ਮਾਨਸਾ ਜ਼ਿਲ੍ਹੇ ਦੇ ਪਿੰਡ ਬੱਛੂਆਣਾ ਵਿਖੇ ਤਲਵੰਡੀ ਸਾਬੋ ਪਾਵਰ ਲਿਮਟਿਡ ਕੰਪਨੀ ਵਲੋਂ ਪਿੰਡ ਦੇ ਪੰਚਾਇਤ ਘਰ ਵਿਖੇ ਆਂਗਣਵਾੜੀ ਸੈਂਟਰ ਦਾ ਉਦਘਾਟਨ ਡਿਪਟੀ ਕਮਿਸ਼ਨਰ ਮਾਨਸਾ ਅਮਿਤ ਢਾਕਾ ਨੇ ਕੀਤਾ ਜੋ ਤਲਵੰਡੀ ਸਾਬੋ ਪਾਵਰ ਲਿਮਟਿਡ ਵਲੋਂ ਬੱਚਿਆਂ ਲਈ ਮਾਡਲ ਆਂਗਣਵਾੜੀ ਸੈਂਟਰ ਬਣਾਇਆ ਗਿਆ, ਜਿਸ ਵਿੱਚ ਬੱਚਿਆਂ ਦੇ ਖੇਡਣ ਲਈ ਖਿਡੌਣੇ, ਬੈਠਣ ਲਈ ਕੁਰਸੀਆਂ, ਗੱਦੇ ਅਤੇ ਬੱਚਿਆਂ ਦੇ ਪੜ੍ਹਨ ਲਈ ਕਿਤਾਬਾਂ ਅਤੇ ਹੋਰ ਚੀਜ਼ਾਂ ਮੁਹੱਈਆ ਕਰਵਾਈਆਂ ਗਈਆਂ। ਆਂਗਣਵਾੜੀ ਸੈਂਟਰ ਦਾ ਉਦਘਾਟਨ ਕਰਨ ਮੌਕੇ ਡੀ.ਸੀ. ਮਾਨਸਾ ਨੇ ਕਿਹਾ ਕਿ ਇਹ ਆਂਗਣਵਾੜੀ ਸੈਂਟਰ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿੱਚੋਂ ਵਧੀਆ ਅਤੇ ੦ਂ ਮਾਡਲ ਦਾ ਸੈਂਟਰ ਹੈ, ਜਿਸ ਵਿੱਚ ਬੱਚਿਆਂ ਦੇ ਲਈ ਹਰ ਤਰ੍ਹਾਂ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਹੈ।

ਇਸ ਮੌਕੇ ਉਨ੍ਹਾਂ ਬੋਲਦਿਆਂ ਕਿਹਾ ਕਿ ਇਸ ਸੈਂਟਰ ਦੀ ਸੰਭਾਲ ਕਰਨ ਦਾ ਪਿੰਡ ਵਾਸੀਆਂ ਦਾ ਕੰਮ ਹੈ ਕਿਉਂਕਿ ਇਹ ਸੈਂਟਰ ਉਨ੍ਹਾਂ ਦੇ ਆਪਣੇ ਘਰ ਦੀ ਤਰ੍ਹਾਂ ਹੀ ਹੈ ਕਿਉਂਕਿ ਇਥੇ ਉਨ੍ਹਾਂ ਦੇ ਹੀ ਨਿੱਕੇ ਨੰਨ੍ਹੇ-ਮੁੰਨੇ ਬੱਚੇ ਆਉਂਦੇ ਹਨ। ਇਸ ਮੌਕੇ ਉਨ੍ਹਾਂ ਪਿੰਡ ਦੀ ਪੰਚਾਇਤ ਨੂੰ ਅਪੀਲ ਕਰਦਿਆਂ ਕਿਹਾ ਕਿ ਤੁਸੀਂ ਵੀ ਇੱਕ ਅਜਿਹਾ ਹੀ ਸੈਂਟਰ ਹੋਰ ਬਣਾਓ। ਇਸ ਮੌਕੇ ਉਨ੍ਹਾਂ ਨਾਲ ਕੰਪਨੀ ਦੇ ਡਾਕਟਰ ਵਿਸ਼ਾਲ ਅਗਰਵਾਲ ਨੇ ਕਿਹਾ ਕਿ ਉਨ੍ਹਾਂ ਦਾ ਉਪਰਾਲਾ ਹੈ ਕਿ ਜ਼ਿਲ੍ਹੇ ਦੇ ਹੋਰ ਵੀ ਪਿੰਡਾਂ ਵਿੱਚ ਅਜਿਹੇ ਨਮੂਨੇ ਦੇ ਵਧੀਆ ਆਂਗਣਵਾੜੀ ਸੈਂਟਰ ਖੋਲ੍ਹੇ ਜਾਣ, ਜਿਸ ਨਾਲ ਨਿੱਕੇ ਬੱਚਿਆਂ ਨੂੰ ਖਡੌਣਿਆਂ ਨਾਲ ਖੇਡਣ ਨਾਲ ਸਕੂਲ ਜਾਣ ਦੀ ਆਦਤ ਪੈ ਸਕੇ ਕਿਉਂਕਿ ਬੱਚਿਆਂ ਦਾ ਇਹ ਪਹਿਲਾ ਕਦਮ ਆਂਗਣਵਾੜੀ ਸੈਂਟਰ ਹੁੰਦਾ ਹੈ, ਜਿਸ ਤੋਂ ਬਾਅਦ ਉਹ ਸਕੂਲ ਨਾਲ ਜੁੜ ਸਕਣ। ਉਨ੍ਹਾਂ ਕਿਹਾ ਕਿ ਕੰਪਨੀ ਦਾ ਉਦਮ ਹੈ ਕਿ ਜ਼ਿਲ੍ਹੇ ਨੂੰ ਹਰ ਪੱਖੋਂ ਮੋਹਰੀ ਬਣਾਇਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨਮੋਲ ਸਿੰਘ ਧਾਲੀਵਾਲ ਐਸਡੀਐਮ ਬੁਢਲਾਡਾ, ਤਹਿਸੀਲਦਾਰ ਬੁਢਲਾਡਾ, ਗ੍ਰਾਮ ਪੰਚਾਇਤ ਬੱਛੂਆਣਾ ਤੇ ਆਂਗਣਵਾੜੀ ਇੰਚਾਰਜ ਆਦਿ ਹਾਜ਼ਰ ਸਨ।